**BRAMPTON** **Media Release**

ਤੁਰੰਤ ਰਿਲੀਜ ਲਈ

# ਨਿਵਾਸੀਆਂ ਨੂੰ, ਬ੍ਰੈਂਪਟਨ ਦੇ ਪਹਿਲੇ ਅਰਬਨ ਫੋਰੈਸਟ ਮੈਨੇਜਮੈਂਟ ਪਲਾਨ ਬਾਰੇ ਸੁਝਾਅ ਦੇਣ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (3 ਨਵੰਬਰ, 2020) – ਸਿਟੀ ਆਫ ਬ੍ਰੈਂਪਟਨ, ਆਪਣਾ ਪਹਿਲਾ ਅਰਬਨ ਫੋਰੈਸਟ ਮੈਨੇਜਮੈਂਟ ਪਲਾਨ (ਯੂ.ਐਫ.ਐਮ.ਪੀ.) (Urban Forest Management Plan) (UFMP) ਵਿਕਸਿਤ ਕਰ ਰਹੀ ਹੈ। ਨਿਵਾਸੀਆਂ ਨੂੰ ਇੱਕ ਔਨਲਾਈਨ ਸਰਵੇਖਣ ਦੁਆਰਾ ਨਵੀਂ ਕਾਰਜਨੀਤੀ ਵਿਕਸਿਤ ਕਰਨ ਵਿੱਚ ਮਦਦ ਲਈ, ਸੁਝਾਅ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ।

ਯੂ.ਐਫ.ਐਮ.ਪੀ. (UFMP), ਸ਼ਹਿਰੀ ਜੰਗਲ ਨੂੰ ਸਥਿਰ ਰੱਖਣ ਅਤੇ ਇਸ ਵਿੱਚ ਵਾਧਾ ਕਰਨ ਲਈ ਇੱਕ ਦ੍ਰਿਸ਼ਟੀਕੋਣ ਅਤੇ ਕਾਰਵਾਈਆਂ ਦੀ ਪਛਾਣ ਕਰਕੇ, ਬ੍ਰੈਂਪਟਨ ਈਕੋਲੋਜੀਕਲ ਸੇਵਾਵਾਂ ਅਤੇ ਬ੍ਰੈਂਪਟਨ ਦੇ ਸ਼ਹਿਰੀ ਜੰਗਲ ਦੇ ਫਾਇਦਿਆਂ ਨੂੰ ਵਧਾਉਣ ਵਾਸਤੇ, ਸਿਟੀ ਨੂੰ ਕਾਰਜਨੀਤੀ ਸਬੰਧੀ ਦਿਸ਼ਾ ਪ੍ਰਦਾਨ ਕਰੇਗਾ। ਇਹ ਵਿਆਪਕ ਯੋਜਨਾ ਮੌਕਿਆਂ ਦੀ ਪੜਚੋਲ ਕਰੇਗੀ, ਜਿਵੇਂ: ਮੌਜੂਦਾ ਨੀਤੀ ਅਤੇ ਰੈਗੂਲੇਟਰੀ ਫ੍ਰੇਮਵਰਕ ਨੂੰ ਮਜ਼ਬੂਤ ਬਣਾਉਣਾ, ਭਾਈਚਾਰਕ ਸ਼ਮੂਲੀਅਤ ਵਾਲੇ ਪ੍ਰੋਗਰਾਮਾਂ ਦਾ ਵਿਸਤਾਰ ਕਰਨਾ, ਵੱਧ ਸਕਿਰਿਆ ਜੰਗਲੀ ਪ੍ਰਬੰਧਨ ਕਰਨਾ, ਸਹਿਯੋਗਾਤਮਕ ਰੁੱਖ-ਸਥਾਪਨਾ ਵਿੱਚ ਭਾਈਵਾਲਾਂ ਨਾਲ ਕੰਮ ਕਰਨਾ ਅਤੇ ਸ਼ਹਿਰੀ ਜੰਗਲ ਦਾ ਨਿਰੀਖਣ ਲਾਗੂ ਕਰਨਾ।

ਸਿਟੀ ਨੇ, ਦਸੰਬਰ 2019 ਵਿੱਚ ਯੂ.ਐਫ.ਐਮ.ਪੀ. ਨੂੰ ਵਿਕਸਿਤ ਕਰਨ ਲਈ, ਅਰਬਨ ਫੋਰੈਸਟ ਇਨੋਵੇਸ਼ਨਸ ਇੰਕ. (Urban Forest Innovations Inc.) ਦੇ ਨਾਲ ਕੰਮ ਕਰਨਾ ਸ਼ੁਰੂ ਕੀਤਾ ਸੀ। ਯੂ.ਐਫ.ਐਮ.ਪੀ. 2021 ਵਿੱਚ ਪੂਰਾ ਹੋਣਾ ਹੈ।

ਯੂ.ਐਫ.ਐਮ.ਪੀ. ਦੀ ਸਫਲਤਾ, ਭਾਈਵਾਲਾਂ ਅਤੇ ਭਾਈਚਾਰੇ ਦੀ ਮਦਦ ਤੇ ਨਿਰਭਰ ਹੋਵੇਗੀ। ਇਸ ਕਰਕੇ ਸਿਟੀ, ਸਿਟੀ ਦੇ ਸਟਾਫ਼, ਬਾਹਰਲੇ ਸੰਗਠਨਾਂ, ਲੋਕਲ ਇੰਡੀਜੀਨਸ ਭਾਈਚਾਰਿਆਂ, ਬ੍ਰੈਂਪਟਨ ਦੇ ਨਿਵਾਸੀਆਂ, ਸਿਟੀ ਕਾਉਂਸਿਲ (City Council) ਅਤੇ ਹੋਰ ਮੌਜੂਦਾ ਜਾਂ ਸੰਭਾਵੀ ਭਾਈਵਾਲਾਂ ਤੋਂ ਸੁਝਾਅ ਲੈ ਰਹੀ ਹੈ।

ਭਾਈਚਾਰਕ ਸਰਵੇਖਣ, 2 ਤੋਂ 30 ਨਵੰਬਰ ਤੱਕ ਔਨਲਾਈਨ www.brampton.ca/trees ਤੇ ਉਪਲਬਧ ਹੈ।

## ਟ੍ਰੀ ਫੋਟੋ ਮੁਕਾਬਲਾ: 2 ਤੋਂ 30 ਨਵੰਬਰ ਤੱਕ

ਅਸੀਂ ਬ੍ਰੈਂਪਟਨ ਦੇ ਨੌਜਵਾਨਾਂ ਨੂੰ, ਇੱਕ ਈਕੋ-ਫ੍ਰੈਂਡਲੀ ਇਨਾਮ ਜਿੱਤਣ ਦੇ ਮੌਕੇ ਲਈ, ਰੁੱਖਾਂ ਤੇ ਤਸਵੀਰਾਂ ਬਣਾ ਕੇ ਉਹਨਾਂ ਨੂੰ ਸਾਂਝਾ ਕਰਨ ਲਈ ਆਖ ਰਹੇ ਹਾਂ! ਫੋਟੋਆਂ, ਡ੍ਰਾਇੰਗ ਅਤੇ ਬੁੱਤਕਾਰੀ ਸਮੇਤ ਕਲਾ ਦੇ ਸਾਰੇ ਰੂਪਾਂ ਤੇ ਵਿਚਾਰ ਕੀਤਾ ਜਾਵੇਗਾ। ਦਾਖਲ ਕੀਤੀਆਂ ਜਾਣ ਵਾਲੀਆਂ ਫੋਟੋਆਂ, #BramptonTrees ਵਰਤਦੇ ਹੋਏ ਜਾਂ @CityBrampton ਨੂੰ ਟੈਗ ਕਰਕੇ Twitter ਜਾਂ Facebook ਤੇ ਪੋਸਟ ਕੀਤੀਆਂ ਜਾ ਸਕਦੀਆਂ ਹਨ ਜਾਂ ਫੋਟੋ BramptonGreenCity@brampton.ca ਤੇ ਈਮੇਲ ਕੀਤੀ ਜਾ ਸਕਦੀ ਹੈ। ਜੇਤੂ ਦਾਖਲੇ ਨੂੰ ਯੂ.ਐਫ.ਐਮ.ਪੀ. ਅਤੇ ਸਿਟੀ ਦੀ ਵੈਬਸਾਈਟ ਦੇ ਕਵਰ ਤੇ ਲਗਾਇਆ ਜਾਵੇਗਾ। ਹੋਰ ਜਾਣਕਾਰੀ ਲਈ, www.brampton.ca/trees ਤੇ ਜਾਓ।

## ਪਿਛੋਕੜ

ਬ੍ਰੈਂਪਟਨ ਦੇ ਸ਼ਹਿਰੀ ਜੰਗਲ ਵਿੱਚ ਸ਼ਾਮਲ ਹਨ, ਸਿਟੀ ਦੀਆਂ ਸੀਮਾਵਾਂ ਦੇ ਅੰਦਰ ਜਨਤਕ ਅਤੇ ਨਿੱਜੀ ਦੋਵੇਂ, ਜ਼ਮੀਨਾਂ ਤੇ ਸਾਰੇ ਰੁੱਖ ਅਤੇ ਉਹਨਾਂ ਦੇ ਵਧਦੇ ਚੁਗਿਰਦੇ। ਇਹ ਮਹੱਤਵਪੂਰਣ ਗ੍ਰੀਨ ਇੰਫਰਾਸਟ੍ਰਕਚਰ ਹੈ, ਜਿਸਦੇ ਸਾਡੇ ਭਾਈਚਾਰੇ ਨੂੰ ਵਾਤਾਵਰਣ ਸਬੰਧੀ, ਆਰਥਿਕ ਅਤੇ ਸਮਾਜਿਕ ਫਾਇਦੇ ਹਨ। ਹਾਲਾਂਕਿ, ਸ਼ਹਿਰੀ ਜੰਗਲ ਦੇ ਸਾਹਮਣੇ, ਵਿਕਾਸ ਅਤੇ ਤੀਬਰੀਕਰਨ, ਜਲਵਾਯੂ ਸਬੰਧੀ ਤਬਦੀਲੀ, ਬੀਮਾਰੀਆਂ ਅਤੇ ਆਕ੍ਰਮਣਕਾਰੀ ਜ਼ਹਿਰੀਲੇ ਕੀੜਿਆਂ

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

ਸਮੇਤ ਕਈ ਦਬਾਅ ਅਤੇ ਚੁਣੌਤੀਆਂ ਵੀ ਆਉਂਦੀਆਂ ਹਨ। ਹਾਲ ਦੇ ਸਾਲਾਂ ਵਿੱਚ, ਐਮਰਾਲਡ ਐਸ਼ ਬੋਰਰ (Emerald Ash Borer) ਅਤੇ 2013 ਦੇ ਬਰਫੀਲੇ ਤੂਫਾਨ ਨੇ ਬ੍ਰੈਂਪਟਨ ਵਿੱਚ ਕਈ ਰੁੱਖਾਂ ਨੂੰ ਤਬਾਹ ਕਰ ਦਿੱਤਾ ਅਤੇ ਨਵਿਆਉਣ ਸਬੰਧੀ ਕਈ ਯਤਨਾਂ ਵਿੱਚ ਨਿਵੇਸ਼ ਦੀ ਲੋੜ ਹੈ।

ਬ੍ਰੈਂਪਟਨ ਦਾ ਯੂ.ਐਫ.ਐਮ.ਪੀ., ਬ੍ਰੈਂਪਟਨ ਦੇ ਸ਼ਹਿਰੀ ਜੰਗਲਾਂ ਦੇ ਸਾਰੇ ਪੱਖਾਂ ਦੇ ਪ੍ਰਬੰਧਨ ਲਈ ਕਾਰਜਨੀਤੀ ਵਾਲਾ ਮਾਰਗ ਦਰਸ਼ਨ ਪ੍ਰਦਾਨ ਕਰੇਗਾ। ਇਹਨਾਂ ਵਿੱਚ ਸ਼ਾਮਲ ਹਨ, ਸਾਡੇ ਸ਼ਹਿਰੀ ਜੰਗਲਾਂ ਦੇ ਮੁਲਾਂਕਣ, ਸੰਭਾਲ, ਵਾਧੇ ਅਤੇ ਸੁਰੱਖਿਆ ਲਈ ਇੱਕ ਵਿਆਪਕ ਦ੍ਰਿਸ਼ਟੀਕੋਣ ਅਤੇ ਇਸਦੇ ਪ੍ਰਬੰਧਨ ਵਿੱਚ ਨਿਵਾਸੀਆਂ ਅਤੇ ਭਾਈਵਾਲਾਂ ਨੂੰ ਸ਼ਾਮਲ ਕਰਨਾ।

ਯੂ.ਐਫ.ਐਮ.ਪੀ., ਬ੍ਰੈਂਪਟਨ ਦੇ ਗ੍ਰੋ ਗ੍ਰੀਨ ਐਨਵਾਇਰਨਮੈਂਟਲ ਮਾਸਟਰ ਪਲਾਨ (Grow Green Environmental Master Plan) ਦਾ ਹਿੱਸਾ ਹੈ। ਇਹ ਬ੍ਰੈਂਪਟਨ ਦੇ 2040 ਵਿਜ਼ਨ (Brampton's 2040 Vision) ਅਤੇ ਕਮਿਉਨਿਟੀ ਐਨਰਜੀ ਐਂਡ ਐਮਿਸ਼ਨਸ ਰਿਡਕਸ਼ਨ ਪਲਾਨ (ਸੀ.ਈ.ਈ.ਆਰ.ਪੀ.) (Community Energy and Emissions Reduction Plan) (CEERP) ਤੇ ਧਿਆਨ ਦੇਣ ਲਈ ਮੁੱਖ ਪਹਿਲਕਦਮੀਆਂ ਵਿੱਚੋਂ ਇੱਕ ਹੈ। ਇਸਦਾ ਟੀਚਾ 2040 ਤੱਕ ਬ੍ਰੈਂਪਟਨ ਵਿੱਚ ਇੱਕ ਮਿਲੀਅਨ ਰੁੱਖ ਲਗਾਉਣਾ ਹੈ।

**ਹਵਾਲੇ**

"ਬ੍ਰੈਂਪਟਨ ਇੱਕ ਹਰਿਆ ਭਰਿਆ ਸ਼ਹਿਰ ਹੈ ਅਤੇ ਅਸੀਂ ਸਾਡੇ ਰੁੱਖਾਂ, ਪੌਦਿਆਂ ਅਤੇ ਹਰਿਆਲੀ ਵਾਲੀਆਂ ਥਾਵਾਂ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹਾਂ। ਸਾਡਾ ਸ਼ਹਿਰੀ ਜੰਗਲ, ਸਾਡੇ ਭਾਈਚਾਰੇ ਦਾ ਮਹੱਤਵਪੂਰਣ ਹਿੱਸਾ ਹੈ ਅਤੇ ਮੈਂ ਸਾਰੇ ਨਿਵਾਸੀਆਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਸਾਡੇ ਰੁੱਖਾਂ ਦੇ ਭਵਿੱਖ ਵਿੱਚ ਆਪਣੀ ਰਾਏ ਦੇਣ, ਕਿਉਂਕਿ ਅਸੀਂ ਬ੍ਰੈਂਪਟਨ ਦਾ ਪਹਿਲਾ ਅਰਬਨ ਫੋਰੈਸਟ ਮੈਨੇਜਮੈਂਟ ਪਲਾਨ ਤਿਆਰ ਕਰ ਰਹੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਗ੍ਰੋ ਗ੍ਰੀਨ ਐਨਵਾਇਰਨਮੈਂਟਲ ਮਾਸਟਰ ਪਲਾਨ ਹੇਠ, ਸਾਡਾ ਪਹਿਲਾ ਅਰਬਨ ਫੋਰੈਸਟ ਮੈਨੇਜਮੈਂਟ ਪਲਾਨ ਵਿਕਸਿਤ ਕੀਤੇ ਜਾਣ ਤੇ ਸਾਨੂੰ ਮਾਣ ਹੈ। ਇਹ ਨਵੀਂ ਕਾਰਜਨੀਤੀ ਇੱਕ ਸੂਚਿਤ ਫ੍ਰੇਮਵਰਕ ਪ੍ਰਦਾਨ ਕਰੇਗੀ ਕਿ ਅਸੀਂ ਸਾਡੇ ਨਿਵਾਸੀਆਂ ਨੂੰ ਬੇਹਤਰ ਸੇਵਾ ਦੇਣ ਅਤੇ ਹੋਰ ਸ਼ਹਿਰਾਂ ਵਾਸਤੇ ਮਿਸਾਲ ਕਾਇਮ ਕਰਨ ਲਈ, ਬ੍ਰੈਂਪਟਨ ਅਤੇ ਇਸਤੋਂ ਬਾਹਰ ਦੇ ਮੁੱਖ ਸਟੇਕਹੋਲਡਰਾਂ ਤੋਂ ਸੁਝਾਅ ਲੈ ਕੇ, ਬ੍ਰੈਂਪਟਨ ਦੇ ਸ਼ਹਿਰੀ ਜੰਗਲ ਦੀ ਸੰਭਾਲ ਕਿਵੇਂ ਕਰੀਏ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਅਰਬਨ ਫੋਰੈਸਟ ਮੈਨੇਜਮੈਂਟ ਪਲਾਨ, ਸਾਡੇ ਰੁੱਖਾਂ ਨੂੰ ਸੁਰੱਖਿਅਤ ਰੱਖਣ ਅਤੇ ਸਾਡੇ ਸ਼ਹਿਰੀ ਜੰਗਲ ਵਿੱਚ ਵਾਧਾ ਕਰਨ ਵਿੱਚ ਇੱਕ ਮਹੱਤਵਪੂਰਣ ਕਦਮ ਹੈ। ਨਿਵਾਸੀਆਂ ਦੀ ਰਾਏ ਲੈਣਾ ਤਰਜੀਹ ਹੈ, ਕਿਉਂਕਿ ਅਸੀਂ ਸਾਡੇ ਵਾਤਾਵਰਣ-ਅਨੁਕੂਲਿਤ ਸ਼ਹਿਰ ਵਿੱਚ ਰੁੱਖਾਂ ਨੂੰ ਕਾਇਮ ਰੱਖਣ, ਲਗਾਉਣ ਅਤੇ ਸੁਰੱਖਿਅਤ ਰੱਖਣ ਲਈ ਬੇਹਤਰ ਪੱਧਤੀਆਂ ਵਿਕਸਿਤ ਕਰਦੇ ਹੋਏ, ਇਸ ਯੋਜਨਾ ਨੂੰ ਕਾਰਜ ਰੂਪ ਦੇ ਰਹੇ ਹਾਂ।"

- *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਦਾ ਸਟਾਫ਼, ਸ਼ਮੂਲੀਅਤ ਵਾਲੇ ਮੌਕੇ ਪ੍ਰਦਾਨ ਕਰਨ ਅਤੇ ਸਾਡੇ ਸਟੇਕਹੋਲਡਰਾਂ ਨੂੰ ਸ਼ਾਮਲ ਕਰਨ ਲਈ ਸਮਰਪਿਤ ਹੈ ਕਿਉਂਕਿ ਅਸੀਂ ਬ੍ਰੈਂਪਟਨ ਦੇ ਅਰਬਨ ਫੋਰੈਸਟ ਮੈਨੇਜਮੈਂਟ ਪਲਾਨ ਵੱਲ ਅੱਗੇ ਵਧ ਰਹੇ ਹਾਂ। ਆਉਣ ਵਾਲੇ ਸਮੇਂ ਵਿੱਚ ਸਟੇਕਹੋਲਡਰ ਸ਼ਮੂਲੀਅਤਾਂ ਅਤੇ ਭਾਈਚਾਰਕ ਸਰਵੇਖਣ, ਨਿਵਾਸੀਆਂ ਨੂੰ ਇਸ ਗ੍ਰੀਨ ਪਹਿਲਕਦਮੀ ਵਿੱਚ ਸ਼ਾਮਲ ਕਰਨ ਦਾ ਸ਼ਾਨਦਾਰ ਤਰੀਕਾ ਹਨ ਕਿਉਂਕਿ ਅਸੀਂ ਪਲਾਨ ਨੂੰ 2021 ਵਿੱਚ ਪੂਰਾ ਕਰਨ ਤੇ ਕੰਮ ਕਰ ਰਹੇ ਹਾਂ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

“ਸਾਡੇ ਕੁਦਰਤੀ ਵਾਤਾਵਰਣ ਦੀ ਸਿਹਤ ਅਤੇ ਸਥਿਰਤਾ ਵਿੱਚ ਸੁਭਾਵਕ ਹਿੱਤ ਦੇ ਨਾਲ, ਨਾਗਰਿਕ-ਸੰਚਾਲਿਤ ਕਮੇਟੀ ਵਜੋਂ, ਮੈਨੂੰ ਬੇਹੱਦ ਖੁਸ਼ੀ ਹੈ ਕਿ ਅਸੀਂ ਸ਼ਮੂਲੀਅਤ ਪ੍ਰਕਿਰਿਆ ਵਿੱਚ ਸ਼ਾਮਲ ਹਾਂ। ਵਾਤਾਵਰਣ ਸਬੰਧੀ ਫੈਸਲਿਆਂ ਵਿੱਚ ਭਾਈਚਾਰਕ ਰਾਏ ਮਹੱਤਵਪੂਰਣ ਹੈ, ਇਸ ਕਰਕੇ ਮੈਂ ਇਹ ਦੇਖਣ ਲਈ ਉਤਸ਼ਾਹਿਤ ਹਾਂ ਕਿ ਅਰਬਨ ਫੋਰੈਸਟ ਮੈਨੇਜਮੈਂਟ ਪਲਾਨ, ਕਿਹੜੀਆਂ ਤਰਜੀਹਾਂ ਤੈਅ ਕਰੇਗਾ ਅਤੇ ਛੋਟੀ ਅਤੇ ਲੰਮੀ ਮਿਆਦ ਵਿੱਚ ਉਹਨਾਂ ਨੂੰ ਕਿਵੇਂ ਪੂਰਾ ਕਰੇਗਾ।"

- *ਪ੍ਰੀਤੀ ਐਨਬਲਾਗਨ (Preethi Anbalagan), ਕੋ-ਚੇਅਰ, ਐਨਵਾਇਰਨਮੈਂਟ ਐਡਵਾਈਜਰੀ ਕਮੇਟੀ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca